Punjabi - Number 41h
Traveller's series - May 2025

# ਜਾਪਾਨੀ ਏਨਸਿਫਾਲਾਈਟਸ ਵੈਕਸੀਨ
# Japanese encephalitis vaccine

ਕੁਝ ਦੇਸ਼ਾਂ ਵਿੱਚ ਯਾਤਰਾ ਕਰਨ ਵਾਲੇ ਜਾਂ ਕੰਮ ਕਰਨ ਵਾਲੇ ਲੋਕਾਂ ਲਈ ਟ੍ਰੈਵਲ ਵੈਕਸੀਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਯਾਤਰਾ 'ਤੇ ਜਾਣ ਤੋਂ ਘੱਟੋ-ਘੱਟ 6 ਤੋਂ 8 ਹਫ਼ਤੇ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨਾ ਜਾਂ ਕਿਸੇ ਟ੍ਰੈਵਲ ਕਲੀਨਿਕ ਵਿਖੇ ਜਾਣਾ ਮਹੱਤਵਪੂਰਨ ਹੈ।

ਜ਼ਿਆਦਾਤਰ ਟ੍ਰੈਵਲ ਵੈਕਸੀਨਾਂ ਸੂਬਾਈ ਮੈਡੀਕਲ ਸਰਵਿਸਿਜ਼ ਪਲਾਨ (MSP) ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ। ਤੁਸੀਂ ਲਾਗਤ ਦਾ ਪਤਾ ਲਗਾਉਣ ਲਈ ਆਪਣੇ ਸਥਾਨਕ ਟ੍ਰੈਵਲ ਕਲੀਨਿਕ ਨਾਲ ਸੰਪਰਕ ਕਰ ਸਕਦੇ ਹੋ।

ਤੁਹਾਨੂੰ ਪਹਿਲਾਂ ਲੱਗੀਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਟ੍ਰੈਵਲ ਕਲੀਨਿਕ ਵਿੱਚ ਲੈ ਕੇ ਆਓ। ਤੁਹਾਨੂੰ ਮਿਲਣ ਵਾਲੀਆਂ ਟ੍ਰੈਵਲ ਵੈਕਸੀਨਾਂ ਦਾ ਰਿਕਾਰਡ ਰੱਖਣਾ ਅਤੇ ਇਸਨੂੰ ਆਪਣੀ ਯਾਤਰਾ 'ਤੇ ਆਪਣੇ ਨਾਲ ਲੈਕੇ ਜਾਣਾ ਮਹੱਤਵਪੂਰਨ ਹੈ।

## ਜਾਪਾਨੀ ਇਨਸੇਫਲਾਈਟਿਸ ਵੈਕਸੀਨ ਕੀ ਹੈ?

ਜਾਪਾਨੀ ਇਨਸੇਫਲਾਈਟਿਸ ਦੇ ਜੋਖਮ ਨੂੰ ਘਟਾਉਣ ਦੇ ਕਈ ਤਰੀਕੇ ਹਨ। ਮੱਛਰਾਂ ਦੇ ਕੱਟਣ ਤੋਂ ਬਚਾਅ ਅਤੇ ਜਾਪਾਨੀ ਇਨਸੇਫਲਾਈਟਿਸ ਵੈਕਸੀਨ ਲਗਵਾਉਣਾ ਦੋ ਪ੍ਰਭਾਵਸ਼ਾਲੀ ਤਰੀਕੇ ਹਨ। ਵੈਕਸੀਨ ਲਗਵਾਉਣ ਦਾ ਉਮੀਦ ਕੀਤਾ ਗਿਆ ਲਾਭ ਆਮ ਤੌਰ 'ਤੇ ਘੱਟ ਹੁੰਦਾ ਹੈ ਪਰ ਇਹ ਉਮੀਦ ਕੀਤੇ ਗਏ ਨੁਕਸਾਨਾਂ (ਉਦਾਹਰਣ ਵਜੋਂ, ਲਾਗਤ, ਅਸੁਵਿਧਾ ਅਤੇ ਮਾੜੇ ਪ੍ਰਭਾਵਾਂ) ਤੋਂ ਵੱਧ ਹੋ ਸਕਦਾ ਹੈ।

## ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਜੇਕਰ ਤੁਸੀਂ ਪੂਰਬੀ ਏਸ਼ੀਆ, ਦੱਖਣੀ ਏਸ਼ੀਆ, ਜਾਂ ਪੱਛਮੀ ਪੈਸੇਫਿਕ ਵਿੱਚ ਇੱਕ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਯਾਤਰਾ ਕਰ ਰਹੇ ਹੋ ਜਾਂ ਕੰਮ ਕਰ ਰਹੇ ਹੋ ਤਾਂ ਤੁਹਾਨੂੰ ਵੈਕਸੀਨ ਲਗਵਾਉਣ ਦੀ ਲੋੜ ਹੋ ਸਕਦੀ ਹੈ।

ਵਾਇਰਸ ਦਾ ਸ਼ਿਕਾਰ ਹੋਣ ਦਾ ਜੋਖਮ ਯਾਤਰਾ ਦੇ ਮੌਸਮ, ਸਥਾਨ, ਠਹਿਰਨ ਦੀ ਲੰਬਾਈ ਅਤੇ ਤੁਹਾਡੇ ਦੁਆਰਾ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦੀਆਂ ਕਿਸਮਾਂ 'ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ, ਦਿਹਾਤੀ ਖੇਤੀਬਾੜੀ ਜਾਂ ਫਾਰਮਿੰਗ ਵਾਲੇ ਖੇਤਰਾਂ ਵਿੱਚ ਲਾਗ ਦਾ ਖ਼ਤਰਾ ਵਧੇਰੇ ਹੁੰਦਾ ਹੈ। ਟ੍ਰੈਵਲ ਕਲੀਨਿਕ ਦਾ ਡਾਕਟਰ ਜਾਂ ਨਰਸ ਤੁਹਾਨੂੰ ਇਹ ਸਲਾਹ ਦੇਵੇਗੀ ਕਿ ਕੀ ਤੁਹਾਨੂੰ ਵੈਕਸੀਨ ਲਗਵਾਉਣੀ ਚਾਹੀਦੀ ਹੈ।

ਇਹ ਵੈਕਸੀਨ 2 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਬਾਲਗਾਂ ਅਤੇ ਬੱਚਿਆਂ ਲਈ ਮਨਜ਼ੂਰੀ ਪ੍ਰਾਪਤ ਹੈ ਅਤੇ ਉਹਨਾਂ ਵਿਅਕਤੀਆਂ ਲਈ ਇਸਦੀ ਸਿਫ਼ਾਰਸ਼ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਬਿਮਾਰੀ ਹੋਣ ਦਾ ਵੱਧ ਜੋਖਮ ਹੈ। ਇਹ ਬਾਲਗਾਂ ਲਈ 7 ਜਾਂ 28 ਦਿਨਾਂ ਦੇ ਅੰਤਰਾਲ 'ਤੇ 2 ਖੁਰਾਕਾਂ, ਜਾਂ ਟੀਕਿਆਂ ਦੀ ਲੜੀ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ।

18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ, 28 ਦਿਨਾਂ ਦੇ ਅੰਤਰਾਲ 'ਤੇ 2 ਖੁਰਾਕਾਂ ਦਿਓ, ਜਾਂ ਟੀਕੇ ਲਗਾਓ। ਜੇਕਰ ਤੁਸੀਂ ਵਾਇਰਸ ਵਾਲੇ ਖੇਤਰਾਂ ਵਿੱਚ ਯਾਤਰਾ ਕਰਨਾ ਜਾਂ ਕੰਮ ਕਰਨਾ ਜਾਰੀ ਰੱਖਦੇ ਹੋ, ਤਾਂ 12 ਤੋਂ 24 ਮਹੀਨਿਆਂ ਬਾਅਦ ਵੈਕਸੀਨ ਦੀ ਇੱਕ ਵਾਧੂ ਖੁਰਾਕ, ਜਿਸਨੂੰ ਬੂਸਟਰ ਕਿਹਾ ਜਾਂਦਾ ਹੈ, ਦਿੱਤੀ ਜਾਣੀ ਚਾਹੀਦੀ ਹੈ। ਘੱਟੋ-ਘੱਟ 10 ਸਾਲਾਂ ਲਈ ਦੂਜੀ ਬੂਸਟਰ ਖੁਰਾਕ ਦੀ ਲੋੜ ਨਹੀਂ ਹੈ।

ਮੁਢਲੇ ਟੀਕਾਕਰਨ ਲੜੀ ਵਿੱਚ ਆਮ ਤੌਰ 'ਤੇ, 28 ਦਿਨਾਂ ਦੇ ਅੰਤਰਾਲ 'ਤੇ ਦਿੱਤੀਆਂ ਜਾਣ ਵਾਲੀਆਂ ਦੋ ਖੁਰਾਕਾਂ ਸ਼ਾਮਲ ਹੁੰਦੀਆਂ ਹਨ। ਜੇਕਰ ਸਮਾਂ ਚਿੰਤਾ ਦਾ ਵਿਸ਼ਾ ਹੈ, ਤਾਂ 7 ਦਿਨਾਂ ਦੇ ਅੰਤਰਾਲ 'ਤੇ ਦਿੱਤੀਆਂ ਗਈਆਂ ਦੋ ਖੁਰਾਕਾਂ ਦਾ ਤੇਜ਼ ਸ਼ੈਡਿਊਲ ਇੱਕ ਵਿਕਲਪਿਕ ਚੋਣ ਹੋ ਸਕਦਾ ਹੈ।

## ਸਭ ਤੋਂ ਵੱਧ ਜੋਖਮ ਕਿਸਨੂੰ ਹੈ?

ਬੱਚਿਆਂ ਅਤੇ ਬਜ਼ੁਰਗਾਂ ਨੂੰ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਸਭ ਤੋਂ ਵੱਧ ਜੋਖਮ ਹੁੰਦਾ ਹੈ।

ਕਿਸੇ ਨਿਆਣੇ ਜਾਂ ਛੋਟੇ ਬੱਚੇ ਨਾਲ ਉੱਚ-ਜੋਖਮ ਵਾਲੇ ਖੇਤਰਾਂ ਵਿੱਚ ਯਾਤਰਾ ਨਾ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇਕਰ ਤੁਸੀਂ ਯਾਤਰਾ ਤੋਂ ਬਚ ਨਹੀਂ ਸਕਦੇ, ਤਾਂ ਮੱਛਰਾਂ ਦੇ ਕੱਟਣ ਨੂੰ ਰੋਕਣ ਲਈ

ਸੁਰੱਖਿਆ ਉਪਾਅ ਵਰਤੋ। ਮੱਛਰਾਂ ਦੇ ਕੱਟਣ ਦੀ ਰੋਕਥਾਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ, HealthLinkBC File #41f ਮਲੇਰੀਆ ਦਾ ਰੋਕਥਾਮ 'ਤੇ ਜਾਓ।

ਜੇਕਰ ਤੁਹਾਡਾ ਬੱਚਾ ਸਮੇਂ ਦੀ ਲੰਬੀ ਮਿਆਦ ਲਈ ਯਾਤਰਾ ਕਰੇਗਾ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਬੱਚਿਆਂ ਲਈ ਜਾਪਾਨੀ ਇਨਸੇਫਲਾਈਟਿਸ ਦੇ ਜੋਖਮਾਂ ਬਾਰੇ ਗੱਲ ਕਰੋ। ਜਾਣ ਤੋਂ ਪਹਿਲਾਂ ਇੱਕ ਪ੍ਰਵਾਨਿਤ ਜਾਪਾਨੀ ਇਨਸੇਫਲਾਈਟਿਸ ਵੈਕਸੀਨ ਦੇ ਲਾਭਾਂ ਬਾਰੇ ਚਰਚਾ ਕਰੋ। ਜੁਲਾਈ ਤੋਂ ਅਕਤੂਬਰ ਤੱਕ ਉੱਚ-ਜੋਖਮ ਵਾਲੇ ਸੀਜ਼ਨ ਦੌਰਾਨ ਇੱਕ ਮਹੀਨੇ ਤੋਂ ਵੱਧ ਜਾਂ ਸਾਲ ਦੇ ਬਾਕੀ ਸਮੇਂ ਦੌਰਾਨ 6 ਮਹੀਨਿਆਂ ਤੋਂ ਵੱਧ, ਸਮੇਂ ਦੀ ਲੰਬੀ ਮਿਆਦ ਹੁੰਦਾ ਹੈ।

## ਵੈਕਸੀਨ ਦੇ ਕੀ ਲਾਭ ਹਨ?

ਯਾਤਰੀ ਕਈ ਤਰੀਕਿਆਂ, ਜਿਸ ਵਿੱਚ ਮੱਛਰਾਂ ਦੇ ਕੱਟਣ ਤੋਂ ਬਚਾਅ ਅਤੇ ਜਾਪਾਨੀ ਇਨਸੇਫਲਾਈਟਿਸ ਵੈਕਸੀਨ ਦੀ ਵਰਤੋਂ ਸ਼ਾਮਲ ਹੈ, ਰਾਹੀਂ ਜਾਪਾਨੀ ਇਨਸੇਫਲਾਈਟਿਸ ਦੇ ਜੋਖਮ ਨੂੰ ਘਟਾ ਸਕਦੇ ਹਨ। ਵੈਕਸੀਨ ਲਗਵਾਉਣ ਦਾ ਉਮੀਦ ਕੀਤਾ ਗਿਆ ਲਾਭ ਆਮ ਤੌਰ 'ਤੇ ਘੱਟ ਹੁੰਦਾ ਹੈ ਪਰ ਇਹ ਉਮੀਦ ਕੀਤੇ ਗਏ ਨੁਕਸਾਨਾਂ (ਉਦਾਹਰਣ ਵਜੋਂ, ਲਾਗਤ, ਅਸੁਵਿਧਾ ਅਤੇ ਮਾੜੇ ਪ੍ਰਭਾਵਾਂ) ਤੋਂ ਵੱਧ ਹੋ ਸਕਦਾ ਹੈ।

## ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਜਾਪਾਨੀ ਏਨਸਿਫਾਲਾਈਟਸ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਲਗਵਾਉਣ ਵਾਲੀ ਥਾਂ 'ਤੇ ਜਲਨ, ਸੋਜ ਜਾਂ ਲਾਲੀ ਸ਼ਾਮਲ ਹੋ ਸਕਦੇ ਹਨ। ਬੁਖਾਰ, ਸਿਰ ਦਰਦ, ਦਸਤ, ਧੱਫੜ, ਮਾਸਪੇਸ਼ੀਆਂ ਵਿੱਚ ਦਰਦ ਅਤੇ ਬਿਮਾਰ ਮਹਿਸੂਸ ਕਰਨਾ ਵੀ ਆਮ ਹਨ। ਦੁਰਲੱਭ ਪ੍ਰਤੀਕ੍ਰਿਆਵਾਂ ਵਿੱਚ ਹਲਕਾ ਇਨਸੇਫਲਾਈਟਿਸ, ਚੱਕਰ ਆਉਣੇ ਅਤੇ ਉਲਟੀਆਂ ਸ਼ਾਮਲ ਹਨ। ਇਹ ਪ੍ਰਤੀਕ੍ਰਿਆਵਾਂ ਵੈਕਸੀਨ ਲਗਵਾਉਣ ਤੋਂ ਤੁਰੰਤ ਬਾਅਦ ਸ਼ੁਰੂ ਹੋ ਸਕਦੀਆਂ ਹਨ ਅਤੇ ਕਈ ਦਿਨਾਂ ਤੱਕ ਰਹਿ ਸਕਦੀਆਂ ਹਨ।

ਬੁਖਾਰ ਜ਼ਾਂ ਜਲਨ ਲਈ ਅਸੀਟ੍ਾਮੇਨੋ ਫੇਨ (acetaminophen) (ਉਦਾਹਰਣ ਲਈ ਟ੍ਾਇਲੇਨੋਲ (Tylenol®)) ਜ਼ਾਂ ਆਈਵਬਊਪਰੋਫੇਨ (ਵਬੁਪਰੋਡਇਨ*) (ਉਦਹਾਰਣ ਲਈ ਐਡਵ ਲ (Advil®)) ਵਦਿੱਤੀ ਜਾ ਸਕਦੀ ਹੈ। ਰੇਵਸੰਡਰੋਮ ਦੇਖਤਰੇਕਰਕੇ18 ਸਾਲ਼ਾਂ ਤੋਂਘਿੱਟ੍ ਉਮਰ ਦੇਵਕਸੇਵ ਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਵਦਿੱ ਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਜਾਪਾਨੀ ਇਨਸੇਫਲਾਈਟਿਸ ਕੀ ਹੈ?

ਜਾਪਾਨੀ ਏਨਸਿਫਾਲਾਈਟਸ ਵਾਇਰਸ ਕਰਕੇ ਹੋਣ ਵਾਲੀ ਗੰਭੀਰ ਅਤੇ ਜਾਨਲੇਵਾ ਲਾਗ ਹੈ। ਲਾਗ ਦੇ 5 ਤੋਂ 15 ਦਿਨਾਂ ਬਾਅਦ ਲੱਛਣ ਦਿਖਾਈ ਦਿੰਦੇ ਹਨ।

ਵਾਇਰਸ ਨਾਲ ਸੰਕਰਮਿਤ 200 ਲੋਕਾਂ ਵਿੱਚੋਂ ਲਗਭਗ ਇੱਕ ਨੂੰ ਇਨਸੇਫਲਾਈਟਿਸ, ਦਿਮਾਗ ਦੀ ਸੋਜਸ਼ ਜਾਂ ਸੋਜ ਹੋਵੇਗੀ। ਇਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਦੀ ਮੌਤ ਹੋ ਜਾਵੇਗੀ ਜਾਂ ਉਨ੍ਹਾਂ ਦੇ ਦਿਮਾਗ ਨੂੰ ਸਥਾਈ

ਨੁਕਸਾਨ ਹੋਵੇਗਾ। ਗਰਭ ਅਵਸਥਾ ਦੇ ਪਹਿਲੇ 6 ਮਹੀਨਿਆਂ ਦੌਰਾਨ ਲਾਗ ਦੇ ਨਤੀਜੇ ਵਜੋਂ ਬੱਚੇ ਨੂੰ ਲਾਗ ਲੱਗ ਸਕਦੀ ਹੈ ਅਤੇ ਗਰਭਪਾਤ ਹੋ ਸਕਦਾ ਹੈ। ਆਪਣੇ ਸ਼ੁਰੂਆਤੀ ਪੜਾਵਾਂ ਵਿੱਚ, ਜਾਪਾਨੀ ਇਨਸੇਫਲਾਈਟਿਸ ਇੱਕ ਫਲੂ ਵਰਗੀ ਬਿਮਾਰੀ ਦੇ ਸਮਾਨ ਹੈ।

ਲੱਛਣਾਂ ਵਿੱਚ ਸਿਰ ਦਰਦ, ਬੁਖਾਰ, ਮਤਲੀ, ਉਲਟੀਆਂ, ਦਸਤ, ਉਲਝਣ ਅਤੇ ਵਿਵਹਾਰ ਵਿੱਚ ਬਦਲਾਅ ਸ਼ਾਮਲ ਹੋ ਸਕਦੇ ਹਨ। ਇਸ ਵੇਲੇ, ਇਸ ਬਿਮਾਰੀ ਦਾ ਦਵਾਈ ਨਾਲ ਕੀਤੇ ਜਾਣ ਵਾਲਾ ਕੋਈ ਇਲਾਜ ਨਹੀਂ ਹੈ। ਇਲਾਜ ਦਾ ਉਦੇਸ਼ ਵਿਅਕਤੀ ਨੂੰ ਸਥਿਰ ਕਰਨਾ ਅਤੇ ਲੱਛਣਾਂ ਤੋਂ ਰਾਹਤ ਦੇਣਾ ਹੈ।

ਜਾਪਾਨੀ ਇਨਸੇਫਲਾਈਟਿਸ ਵਾਇਰਸ ਸੰਕਰਮਿਤ ਮੱਛਰਾਂ ਦੇ ਕੱਟਣ ਨਾਲ ਲੋਕਾਂ ਵਿੱਚ ਫੈਲਦਾ ਹੈ। ਇਹ ਮੱਛਰ ਦੱਖਣੀ ਅਤੇ ਪੂਰਬੀ ਏਸ਼ੀਆ ਅਤੇ ਪੱਛਮੀ ਪੈਸੇਫਿਕ ਵਿੱਚ ਰਹਿੰਦੇ ਹਨ। ਕੈਨੇਡਾ ਵਿੱਚ ਇਹ ਵਾਇਰਸ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਜਾਂ ਮੱਛਰਾਂ ਦੁਆਰਾ ਨਹੀਂ ਫੈਲ ਸਕਦਾ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

## ਹੋਰ ਜਾਣਕਾਰੀ ਲਈ

ਬੀ.ਸੀ. ਵਿੱਚ ਟ੍ਰੈਵਲ ਕਲੀਨਿਕਾਂ ਦੀ ਸੂਚੀ ਲਈ, ਪਬਲਿਕ ਹੈਲਥ ਏਜੰਸੀ ਔਫ ਕੈਨੇਡਾ: www.canada.ca/en/public-health/services/travel-health/yellow-fever/vaccination-centres-canada-british-columbia.html 'ਤੇ ਜਾਓ।

ਟ੍ਰੈਵਲ ਵਾਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ, HealthLinkBC File #41c ਬਾਲਗਾਂ ਲਈ ਟ੍ਰੈਵਲ ਇਮਿਊਨਾਈਜ਼ੇਸ਼ਨਾਂ 'ਤੇ ਜਾਓ।

ਕੀੜੇ-ਮਕੌੜਿਆਂ ਦੇ ਕੱਟਣ ਦੀ ਰੋਕਥਾਮ ਬਾਰੇ ਜਾਣਕਾਰੀ ਲਈ, ਕੈਨੇਡਾ ਸਰਕਾਰ - ਕੀੜੇ-ਮਕੌੜਿਆਂ ਦੇ ਕੱਟਣ ਦੀ ਰੋਕਥਾਮ: www.canada.ca/en/public-health/services/diseases/insect-bite-prevention.html 'ਤੇ ਜਾਓ।